# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 06-10-2023**

- ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਕਿਹਾ ਏ ਕਿ ਹੁਣ ਆਮ ਨਾਗਰਿਕ, ਸਰਕਾਰ ਵਲੋਂ ਜਾਰੀ ਕਿਸੇ ਵੀ ਪਛਾਣ ਪੱਤਰ ਅਤੇ ਪਤੇ ਦੇ ਸਬੂਤ ਨਾਲ, ਡਰੋਨ ਪਾਇਲਟ ਬਣ ਸਕਦੇ ਨੇ।
- ਭਾਰਤੀ ਰਿਜ਼ਰਵ ਬੈਂਕ ਨੇ ਤਿਉਹਾਰ ਤੋਂ ਪਹਿਲਾਂ, ਲੋਕਾਂ ਨੂੰ ਵੱਡਾ ਤੋਹਫਾ ਦੀਦੇਆਂ ਵਿਆਜ ਦਰਾਂ ਵਿੱਚ ਕੋਈ ਬਦਲਾਅ ਨਾ ਕਰਨ ਦਾ ਫੈਸਲਾ ਕੀਤਾ ਏ।
- ਭਾਰਤ ਸਰਕਾਰ ਦੀ "ਮੇਰੀ ਮਾਟੀ - ਮੇਰਾ ਦੇਸ਼" ਮੁਹਿੰਮ ਤਹਿਤ, ਵੱਖ-ਵੱਖ ਜ਼ਿਲਿਆਂ ਵਿਚ ਸਮਾਗਮਾਂ ਦਾ ਆਯੋਜਨ।
- ਏਸ਼ਿਆਈ ਖੇਡਾਂ ਵਿੱਚ ਭਾਰਤ ਨੇ ਅੱਜ ਹਾਕੀ ਦੇ ਫਾਈਨਲ ਵਿਚ ਜਪਾਨ ਨੂੰ 5-1 ਦੇ ਵੱਡੇ ਫਰਕ ਨਾਲ ਹਰਾ ਕੇ ਸੋਨ ਤਗਮਾ ਜਿਤਿਆ।

---

ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਕਿਹਾ ਏ ਕਿ ਹੁਣ ਆਮ ਨਾਗਰਿਕ

ਸਰਕਾਰ ਵਲੋਂ ਜਾਰੀ ਕਿਸੇ ਵੀ ਪਛਾਣ ਪੱਤਰ ਅਤੇ ਪਤੇ ਦੇ ਸਬੂਤ ਨਾਲ ਡਰੋਨ ਪਾਇਲਟ ਬਣ ਸਕਦੇ ਨੇ। ਮੰਤਰਾਲੇ ਨੇ ਡਰੋਨ ਪਾਇਲਟਾਂ ਲਈ ਨਵੇਂ ਡਰੋਨ ਸੋਧ ਨਿਯਮ-2023 ਨੂੰ ਨੋਟੀਫਾਈ ਕਰ ਦਿੱਤਾ ਏ। ਸੋਧ ਮਗਰੋਂ ਇਹ ਸਪੱਸ਼ਟ ਕੀਤਾ ਗਿਆ ਏ ਕਿ ਪਾਸਪੋਰਟ ਨਾ ਹੋਣ ਦੀ ਸਥਿਤੀ ਵਿੱਚ, ਸਰਕਾਰ ਵਲੋਂ ਜਾਰੀ ਵੋਟਰ ਆਈ ਡੀ ਕਾਰਡ, ਰਾਸ਼ਨ ਕਾਰਡ ਜਾਂ ਡਰਾਈਵਿੰਗ ਲਾਇਸੈਂਸ ਵਰਗੇ ਸਰਕਾਰੀ ਪਛਾਣ ਅਤੇ ਪਤੇ ਦੇ ਸਰਟੀਫਿਕੇਟ, ਹੁਣ ਰਿਮੋਟ ਪਾਇਲਟ ਸਰਟੀਫਿਕੇਟ ਲਈ ਬਿਨੈ ਕਰਨ ਦੇ ਯੋਗ ਹੋਣਗੇ। ਮੰਤਰਾਲੇ ਨੇ ਕਿਹਾ ਕਿ ਡਰੋਨ ਪਾਇਲਟ ਬਣਨ ਦੀ ਇੱਛਾ ਰੱਖਣ ਵਾਲੇ ਲੋਕਾਂ ਲਈ ਪਾਸਪੋਰਟ ਦੀ ਜ਼ਰੂਰਤ ਇੱਕ ਰੁਕਾਵਟ ਸਾਬਤ ਹੋ ਰਹੀ ਏ ਅਤੇ ਸਰਕਾਰ ਦਾ ਇਹ ਕਦਮ 2030 ਤੱਕ ਭਾਰਤ ਨੂੰ ਇੱਕ ਆਲਮੀ ਡਰੋਨ ਹੱਬ ਬਣਾਉਣ ਦਾ ਯਤਨ ਏ। ਨਵਾਂ ਨਿਯਮ ਬੀਤੀ 27 ਅਗਸਤ ਤੋਂ ਲਾਗੂ ਮੰਨਿਆ ਜਾਵੇਗਾ।

---

ਪੇਂਡੂ ਵਿਕਾਸ ਮੰਤਰਾਲੇ ਨੇ ਕਿਹਾ ਏ ਕਿ ਮਹਾਤਮਾ ਗਾਂਧੀ ਰਾਸ਼ਟਰੀ

ਗ੍ਰਾਮੀਣ ਰੁਜ਼ਗਾਰ ਗਾਰੰਟੀ ਐਕਟ - ਮਨਰੇਗਾ ਪ੍ਰੋਗਰਾਮ ਲਾਗੂ ਕਰਨ ਲਈ ਫੰਡਾਂ ਦੀ ਉਪਲਬਧਤਾ ਕੋਈ ਰੁਕਾਵਟ ਨਹੀਂ ਏ। ਮਨਰੇਗਾ ਇੱਕ ਮੰਗ-ਅਧਾਰਿਤ ਮਜ਼ਦੂਰੀ ਰੁਜ਼ਗਾਰ ਪ੍ਰੋਗਰਾਮ ਏ ਅਤੇ ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਫੰਡ ਜਾਰੀ ਕਰਨਾ ਇੱਕ ਨਿਰੰਤਰ ਪ੍ਰਕਿਰਿਆ ਏ। ਮੰਤਰਾਲੇ ਨੇ ਕਿਹਾ ਏ ਕਿ ਕੇਂਦਰ ਸਰਕਾਰ ਕੰਮ ਦੀ ਮੰਗ ਨੂੰ ਦੇਖਦੇ ਹੋਏ ਫੰਡ ਮੁਹੱਈਆ ਕਰਵਾ ਰਹੀ ਏ। ਮੰਤਰਾਲੇ ਨੇ ਸਪੱਸ਼ਟ ਕੀਤਾ ਏ ਕਿ ਕੇਂਦਰ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਨਾ ਹੋਣ ਤੇ ਮਨਰੇਗਾ ਦੀ ਧਾਰਾ 27 ਦੀ ਵਿਵਸਥਾ ਅਨੁਸਾਰ, ਪੱਛਮੀ ਬੰਗਾਲ ਦੇ ਫੰਡਾਂ ਨੂੰ ਪਿਛਲੇ ਸਾਲ ਮਾਰਚ ਤੋਂ ਰੋਕ ਦਿੱਤਾ ਗਿਆ ਸੀ।

---------------------------------------------------------

ਕੇਂਦਰ ਸਰਕਾਰ ਵਲੋਂ ਉੱਜਵਲਾ ਯੋਜਨਾ ਦੇ ਲਾਭਪਾਤਰੀਆਂ ਲਈ ਪ੍ਰਤੀ ਸਿਲੰਡਰ LPG ਸਬਸਿਡੀ 100 ਰੁਪਏ ਹੋਰ ਵਾਧਾ ਕੇ 300 ਰੁਪਏ ਕਰਨ ਦਾ ਲਾਭਪਾਤਰੀਆਂ ਨੇ ਸਵਾਗਤ ਕੀਤਾ ਏ। ਇਸ ਨੂੰ ਦੀਵਾਲੀ ਦਾ ਤੋਹਫਾ ਦੱਸਦਿਆਂ ਲਾਭਪਾਤਰੀ ਕੇਂਦਰ ਦਾ ਧੰਨਵਾਦ ਕਰ ਰਹੇ ਨੇ।

---------------------------------------------------

ਭਾਰਤੀ ਰਿਜ਼ਰਵ ਬੈਂਕ ਨੇ ਤਿਉਹਾਰ ਤੋਂ ਪਹਿਲਾਂ ਲੋਕਾਂ ਨੂੰ ਵੱਡਾ ਤੋਹਫਾ ਦਿੱਤਾ ਏ । ਬੈਂਕ ਦੀ ਮੁਦਰਾ ਨੀਤੀ ਕਮੇਟੀ ਨੇ ਆਪਣੀ ਦੋ-ਮਾਹੀ ਸਮੀਖਿਆ ਵਿੱਚ ਵਿਆਜ ਦਰਾਂ ਵਿੱਚ ਕੋਈ ਬਦਲਾਅ ਨਾ ਕਰਨ ਦਾ ਫੈਸਲਾ ਕੀਤਾ ਏ । ਮੁੰਬਈ ਵਿਚ ਅੱਜ ਕਮੇਟੀ ਦੀ ਇਕ ਮੀਟਿੰਗ ਤੋਂ ਬਾਅਦ, ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਕਿਹਾ ਕਿ ਮੁਦਰਾ ਨੀਤੀ ਕਮੇਟੀ ਨੇ ਸਰਬ-ਸੰਮਤੀ ਨਾਲ ਰੈਪੋ ਦਰ ਨੂੰ ਬਿਨਾਂ ਕਿਸੇ ਬਦਲਾਅ ਦੇ 6.5 ਫੀਸਦੀ 'ਤੇ ਰੱਖਿਆ ਏ । ਰਿਜ਼ਰਵ ਬੈਂਕ ਨੇ ਸਮੂਹ ਆਰਥਿਕ ਤੇ ਵਿੱਤੀ ਘਟਨਾਕ੍ਰਮ ਦੇ ਵਿਸਤ੍ਰਿਤ ਮੁਲਾਂਕਣ ਮਗਰੋਂ, ਲਗਾਤਾਰ ਚੌਥੀ ਵਾਰ, ਵਿਆਜ ਦਰਾਂ ਬਿਨਾਂ ਕਿਸੇ ਬਦਲਾਅ ਦੇ ਰੱਖਣ ਦਾ ਫੈਸਲਾ ਕੀਤਾ ਏ ।

---------------------------------------------------

ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ, ਵੱਖ-ਵੱਖ ਸ਼ਹਿਰਾਂ ਦੇ ਨਗਰ ਨਿਗਮ ਕਮਿਸ਼ਨਰਾਂ ਨਾਲ ਅੱਜ ਚੰਡੀਗੜ੍ਹ ਵਿਖੇ, ਇਕ ਮੀਟਿੰਗ ਕਰਦਿਆਂ ਅਧਿਕਾਰੀਆਂ ਨੂੰ ਵਿਕਾਸ ਕਾਰਜਾਂ ਵਿੱਚ

ਤੇਜ਼ੀ ਤੇ ਗੁਣਵੱਤਾ ਲਿਆਉਣ ਦੇ ਨਿਰਦੇਸ਼ ਦਿੱਤੇ। ਉਨਾਂ ਨਗਰ ਨਿਗਮ ਕਮਿਸ਼ਨਰ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ, ਫਗਵਾੜਾ ਅਤੇ ਮੋਹਾਲੀ ਨਾਲ ਵੱਖ-ਵੱਖ ਵਿਸ਼ਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਅਤੇ ਸਮਾਰਟ ਸਿਟੀਜ਼ ਮਿਸ਼ਨ ਸੰਬੰਧੀ ਵਿਸਥਾਰ ਨਾਲ ਜਾਣਕਾਰੀ ਲਈ। ਉਨਾਂ ਵੱਖ-ਵੱਖ ਖੇਤਰਾਂ ਵਿੱਚ ਚੱਲ ਰਹੇ ਪ੍ਰੋਜੈਕਟਾਂ ਵਿੱਚ ਤੇਜ਼ੀ ਲਿਆਉਣ, ਪਾਰਦਰਸ਼ਤਾ ਤੇ ਜਵਾਬਦੇਹੀ ਵਧਾਉਣ ਅਤੇ ਸਰੋਤਾਂ ਦੀ ਸਰਵੋਤਮ ਵਰਤੋਂ ਯਕੀਨੀ ਬਣਾਉਣ ਦੇ ਮਹੱਤਵ 'ਤੇ ਜ਼ੋਰ ਦਿੱਤਾ। ਅਧਿਕਾਰੀਆਂ ਨੇ ਸੂਬੇ ਦੇ ਸਰਵਪੱਖੀ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ, ਆਉਣ ਵਾਲੀਆਂ ਪਹਿਲਕਦਮੀਆਂ ਲਈ ਆਪਣੀ ਤਜਵੀਜ਼ ਵੀ ਪੇਸ਼ ਕੀਤੀ।

---------------------------------------------------------------

ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਏ ਕਿ ਜੇ ਕੋਈ ਮਾੜੀ ਦਵਾਈ ਜਾਂ ਬੀਜ ਵੇਚਦਾ ਏ, ਤਾਂ ਉਸ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਸਰਕਾਰ, ਕਿਸਾਨ ਦਾ ਸਾਥ ਕਦੇ ਨਹੀਂ ਛੱਡੇਗੀ। ਫਤਹਿਗੜ੍ਹ ਸਾਹਿਬ

ਜ਼ਿਲੇ ਦੇ ਹੰਸਾਲੀ ਖੇੜਾ ਵਿਖੇ, ਜ਼ਿਲ੍ਹਾ ਪੱਧਰੀ ਕਿਸਾਨ ਮੇਲੇ ਨੂੰ ਸੰਬੋਧਨ ਕਰਦਿਆਂ, ਉਹਨਾਂ ਕਿਹਾ ਕਿ ਸਰਕਾਰ, ਦਿਨ-ਰਾਤ ਇਕ ਕਰ ਕੇ ਖੇਤੀਬਾੜੀ ਦੇ ਵਿਕਾਸ ਲਈ ਕੰਮ ਕਰ ਰਹੀ ਏ। ਉਨਾਂ ਕਿਹਾ ਕਿ ਇਸ ਗੱਲ ਦੀ ਖੁਸ਼ੀ ਏ, ਕਿ ਹੌਲੀ ਹੌਲੀ ਪਿੰਡਾਂ ਵਿਚ ਇਹ ਸੂਝ ਆ ਰਹੀ ਏ ਕਿ ਨਵੀਆਂ ਤਕਨੀਕਾਂ ਕਿੰਜ ਵਰਤਣੀਆਂ ਨੇ ਅਤੇ ਮੇਲੇ ਰਾਹੀਂ ਛੋਟੀ ਵੱਡੀ ਹਰ ਤਰ੍ਹਾਂ ਦੀ ਜਾਣਕਾਰੀ ਕਿਸਾਨਾਂ ਤੱਕ ਪੁੱਜਦੀ ਏ। ਉਨਾਂ ਕਿਹਾ ਕਿ ਜਿੱਥੇ ਮਾਹਰਾਂ ਨੇ ਨਵੀਆਂ ਤਕਨੀਕਾਂ ਲਿਆਂਦੀਆਂ ਨੇ ਉਥੇ ਕਿਸਾਨ ਦਾ ਯੋਗਦਾਨ, ਖੇਤੀਬਾੜੀ ਲਈ ਸਭ ਤੋਂ ਅਹਿਮ ਏ ਅਤੇ ਜੇਕਰ ਸਮੇਂ ਦੀ ਜ਼ਰੂਰਤ ਮੁਤਾਬਕ ਉਤਪਾਦ ਪੈਦਾ ਕਰਨੇ ਸ਼ੁਰੂ ਕਰ ਦਿੱਤੇ ਜਾਣ ਤਾਂ ਖਰੀਦ ਕਰਨ ਵਾਲੇ ਆਪ ਹੀ ਕਿਸਾਨ ਕੋਲ ਆਉਣਗੇ।

---------------------------------------------------------------

ਸੈਂਟਰਲ ਇੰਸਟੀਚਿਊਟ ਆਫ ਪੋਸਟ-ਹਾਰਵੈਸਟ ਇੰਜਨੀਅਰਿੰਗ ਐਂਡ ਟੈਕਨਾਲੋਜੀ ਲੁਧਿਆਣਾ ਨੇ ਆਪਣੇ 35ਵੇਂ ਸਥਾਪਨਾ ਦਿਵਸ ਤੇ ਤਿੰਨ ਦਿਨ ਦੇ ਖੇਤੀ-ਪ੍ਰੋਸੈਸਿੰਗ ਉਦਯੋਗ ਇੰਟਰਫੇਸ ਅਤੇ ਕਿਸਾਨ ਮੇਲੇ ਦਾ ਆਯੋਜਨ ਕੀਤਾ। ਇਸਨੇ ਖੇਤੀਬਾੜੀ ਪ੍ਰੋਸੈਸਿੰਗ, ਕਿਸਾਨ ਭਾਈਚਾਰਿਆਂ

ਅਤੇ ਸਹਾਇਕ ਉਦਯੋਗਾਂ ਵਿਚਾਲੇ ਭਾਈਵਾਲੀ ਉਤਸ਼ਾਹਿਤ ਕਰਨ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਵਜੋਂ ਕੰਮ ਕੀਤਾ । ਖੇਤੀਬਾੜੀ ਤੇ ਐਗਰੋ-ਪ੍ਰੋਸੈਸਿੰਗ ਸੈਕਟਰਾਂ ਦੇ ਮਾਹਰਾਂ, ਪ੍ਰਦਰਸ਼ਕਾਂ, ਪ੍ਰਕਾਸ਼ਕਾਂ ਅਤੇ ਹੋਰ ਹਿੱਸੇਦਾਰਾਂ ਨੇ ਇਸ ਵਿਚ ਹਿੱਸਾ ਲਿਆ। ਆਪਣੇ ਸਮਾਪਤੀ ਭਾਸ਼ਣ ਦੌਰਾਨ ਸੰਸਥਾ ਦੇ ਡਾਇਰੈਕਟਰ ਡਾ. ਨਚੀਕੇਤ ਕੋਤਵਾਲੀ-ਵਾਲੇ ਨੇ ਕਿਸਾਨ ਭਾਈਚਾਰੇ ਦੇ ਸਸ਼ਕਤੀਕਰਨ ਅਤੇ ਐਗਰੋ-ਪ੍ਰੋਸੈਸਿੰਗ ਸਨਅਤ ਨੂੰ ਅੱਗੇ ਵਧਾਉਣ ਲਈ ਇਸ ਸਮਾਗਮ ਦੀ ਮਹੱਤਤਾ ਬਾਰੇ ਦੱਸਿਆ ਅਤੇ ਨਾਲ ਹੀ ਵਾਢੀ ਤੋਂ ਬਾਅਦ, ਇੰਜੀਨੀਅਰਿੰਗ ਤੇ ਤਕਨਾਲੋਜੀ ਵਿੱਚ ਲੱਗੇ ਲੋਕਾਂ ਨੂੰ, ਅਟੁੱਟ ਸਮਰਥਨ ਦੇਣ ਦਾ ਵਾਅਦਾ ਕੀਤਾ । ਹੋਰਨਾਂ ਬੁਲਾਰਿਆਂ ਨੇ ਗਿਆਨ ਸਾਂਝਾਕਰਨ, ਨੈੱਟਵਰਕਿੰਗ ਦੇ ਮੌਕਿਆਂ ਅਤੇ ਖੇਤੀਬਾੜੀ ਉਤਪਾਦਾਂ ਦੀ ਪ੍ਰੋਸੈਸਿੰਗ ਤੇ ਵੈਲਯੂ-ਐਡੀਸ਼ਨ ਵਿੱਚ ਕਾਰੋਬਾਰੀ ਸੰਭਾਵਨਾਵਾਂ ਦੀ ਖੋਜ ਬਾਰੇ ਦੱਸਿਆ । ਖੇਤੀਬਾੜੀ ਵਿੱਚ ਡਰੋਨ ਐਪਲੀਕੇਸ਼ਨਾਂ ਦੇ ਸਿਧੇ ਪ੍ਰਦਰਸ਼ਨ ਦੌਰਾਨ ਅਤਿ-ਆਧੁਨਿਕ ਤਕਨਾਲੋਜੀ ਨੂੰ ਵਿਖਾਇਆ ਗਿਆ।

-----------------------------------------------

ਭਾਰਤ ਸਰਕਾਰ ਦੀ "ਮੇਰੀ ਮਾਟੀ ਮੇਰਾ ਦੇਸ਼" ਮੁਹਿੰਮ ਤਹਿਤ ਫਤਹਿਗੜ੍ਹ ਸਾਹਿਬ ਜ਼ਿਲੇ ਦੇ ਆਮ ਖਾਸ ਬਾਗ ਵਿਖੇ, ਅੱਜ ਜ਼ਿਲ੍ਹੇ ਦੀਆਂ ਸਮੂਹ ਨਗਰ ਕੌਂਸਲਾਂ ਵੱਲੋਂ, ਇਕ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਜਨਰਲ  ਈਸ਼ਾ ਸਿੰਗਲ ਨੇ ਕਿਹਾ ਕਿ ਇਹ ਮੁਹਿੰਮ ਮਹਾਨ ਸ਼ਹੀਦਾਂ ਨੂੰ ਸਨਮਾਨ ਦੇਣ ਦਾ ਇਕ ਉਪਰਾਲਾ ਏ ਅਤੇ ਅਜਿਹੇ ਪ੍ਰੋਗਰਾਮ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਹੋਰ ਮਜਬੂਤ ਬਣਾਉਂਦੇ ਨੇ । ਨਗਰ ਕੌਂਸਲ ਸਰਹਿੰਦ-ਫਤਹਿਗੜ੍ਹ ਸਾਹਿਬ ਵੱਲੋਂ ਸਵੱਛਤਾ ਜਾਗੋ ਕੱਢੀ ਗਈ । ਈਸ਼ਾ ਸਿੰਗਲ ਨੇ ਸਮੂਹ ਨਾਗਰਿਕਾਂ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਮਜਬੂਤ ਕਰਨ ਅਤੇ ਆਲੇ ਦੁਆਲੇ ਦੀ ਸਾਫ  ਸਫਾਈ ਰੱਖਣ ਦਾ ਪ੍ਰਣ ਵੀ ਦਿਵਾਇਆ।

-----------------------------------------------

ਏਧਰ ਸ਼੍ਰੀ ਮੁਕਤਸਰ ਸਾਹਿਬ ਜ਼ਿਲੇ ਵਿੱਚ "ਮੇਰੀ ਮਾਟੀ, ਮੇਰਾ ਦੇਸ਼" ਮੁਹਿੰਮ ਤਹਿਤ, 'ਅੰਮ੍ਰਿਤ ਕਲਸ਼ ਯਾਤਰਾ' ਦੌਰਾਨ ਜ਼ਿਲ੍ਹੇ ਦੇ ਸਮੁੱਚੇ ਸ਼ਹਿਰਾਂ ਦੇ, ਵੱਖ-ਵੱਖ ਵਾਰਡਾਂ ਤੋਂ ਇਕੱਤਰ ਮਿੱਟੀ, ਅੱਜ ਡਿਪਟੀ

ਕਮਿਸ਼ਨਰ ਦਫ਼ਤਰ ਵਿਖੇ ਲਿਆਂਦੀ ਗਈ । ਇਸ ਸਬੰਧ ਵਿੱਚ ਇੱਕ ਜ਼ਿਲ੍ਹਾ ਪੱਧਰ ਦਾ ਸਮਾਗਮ ਮੁਕਤ-ਏ-ਮਿਨਾਰ ਸ੍ਰੀ ਮੁਕਤਸਰ ਸਾਹਿਬ ਵਿਖੇ ਆਯੋਜਿਤ ਕੀਤਾ ਗਿਆ । ਵਧੀਕ ਡਿਪਟੀ ਕਮਿਸ਼ਨਰ ਜਨਰਲ ਕੰਵਰਜੀਤ ਸਿੰਘ ਨੇ ਇਸ ਸਮਾਗਮ ਦੀ ਪ੍ਰਧਾਨਗੀ ਕੀਤੀ ।

---------------------------------------------------------------

ਅੰਮ੍ਰਿਤਸਰ ਦੇ ਮਜੀਠਾ ਰੋਡ 'ਤੇ ਸਥਿਤ ਦਵਾਈਆਂ ਬਣਾਉਣ ਵਾਲੀ ਇਕ ਫੈਕਟਰੀ ਵਿਚ ਕਲ ਸ਼ਾਮ ਲੱਗੀ ਭਿਆਨਕ ਅੱਗ ਵਿਚ, ਇਕ ਔਰਤ ਸਮੇਤ 4 ਮਜ਼ਦੂਰਾਂ ਦੀ ਮੌਤ ਹੋ ਗਈ । ਅੱਗ ਲੱਗਣ ਤੋਂ ਬਾਅਦ ਫੈਕਟਰੀ ਵਿੱਚ ਹਫੜਾ-ਦਫੜੀ ਮੱਚ ਗਈ ਅਤੇ ਫੈਕਟਰੀ ਮਾਲਕਾਂ ਨੇ ਤੁਰੰਤ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ । ਫਾਇਰ ਬ੍ਰਿਗੇਡ ਦੇ ਮੁਲਾਜ਼ਮਾਂ ਨੇ ਅੱਧੀ ਦਰਜਨ ਦੇ ਕਰੀਬ ਗੱਡੀਆਂ ਦੀ ਮਦਦ ਨਾਲ ਦੇਰ ਰਾਤ ਅੱਗ ’ਤੇ ਕਾਬੂ ਪਾਇਆ । ਹਾਦਸੇ ਵਿੱਚ ਮਾਰੇ ਗਏ ਕੁਲਵਿੰਦਰ ਸਿੰਘ, ਰਾਣੀ, ਸੁਖਜੀਤ ਸਿੰਘ ਅਤੇ ਗੁਰਭੇਜ ਸਿੰਘ ਦੀਆਂ ਮ੍ਰਿਤਕ ਦੇਹਾਂ ਨੂੰ ਬਾਹਰ ਕੱਢ ਲਿਆ ਗਿਆ ਏ । ਜਦੋਂ ਅੱਗ ਲੱਗੀ ਤਾਂ ਫੈਕਟਰੀ ਵਿਚ

ਕਈ ਕਰਮਚਾਰੀ ਕੰਮ ਕਰ ਰਹੇ ਸਨ ਅਤੇ ਅੱਗ ਲੱਗਦੇ ਹੀ, ਸਾਰੇ ਬਾਹਰ ਵਾਲ ਭੱਜ ਗਏ  ਪਰ ਕੁਝ ਜਣੇ ਅੰਦਰ ਹੀ ਫਸ ਗਏ ।

------------------------------------------------------------

ਏਸ਼ਿਆਈ ਖੇਡਾਂ ਵਿੱਚ ਭਾਰਤੀ ਖਿਡਾਰੀਆਂ ਨੇ ਕਈ ਨਵੇਂ ਰਿਕਾਰਡ ਬਣਾਏ ਨੇ ਅਤੇ ਪੰਜਾਬ ਦੇ ਖਿਡਾਰੀਆਂ ਨੇ ਵੀ ਇਨ੍ਹਾਂ ਖੇਡਾਂ ਵਿੱਚ ਆਪਣਾ ਸਰਵੋਤਮ ਪ੍ਰਦਰਸ਼ਨ ਕਰਦਿਆਂ 16 ਤਮਗੇ ਜਿੱਤੇ ਨੇ । ਪੰਜਾਬ ਦੀ ਐਥਲੀਟ ਹਰਮਿਲਨ ਬੈਂਸ ਨੇ ਚਾਂਦੀ ਦੇ 2   ਤਗਮੇ ਜਿੱਤ ਕੇ ਨਾ ਸਿਰਫ ਇਤਿਹਾਸ ਰਚਿਆ ਸਗੋਂ ਪਰਿਵਾਰ ਦੀ ਰਵਾਇਤ ਨੂੰ ਵੀ ਅੱਗੇ ਤੋਰਿਆ ਏ ।

**ਇਕ ਰਿਪੋਰਟ -** ***ਡਿਸਪੈਚ: ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਿਲਪੁਰ ਕਸਬੇ ਦੀ ਵਸਨੀਕ ਐਥਲੀਟ ਹਰਮਿਲਨ ਬੈਂਸ ਨੇ ਏਸ਼ਿਆਈ ਖੇਡਾਂ ਵਿੱਚ ਔਰਤਾਂ ਦੀ 800 ਮੀਟਰ ਅਤੇ 1500 ਮੀਟਰ ਦੌੜ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਏ । 800 ਮੀਟਰ ਦੌੜ ਵਿੱਚ ਚਾਂਦੀ ਦਾ ਤਗਮਾ ਜਿੱਤ ਕੇ ਹਰਮਿਲਨ ਨੇ 21 ਸਾਲ ਬਾਅਦ ਉਹ ਇਤਿਹਾਸ ਦੁਹਰਾਇਆ ਜਿਹੜਾ ਉਸਦੀ ਮਾਂ ਮਾਧੁਰੀ ਏ ਸਿੰਘ ਨੇ 2002 ਵਿੱਚ ਕੋਰੀਆ ਦੇ ਬੁਸਾਨ ਵਿੱਚ ਹੋਈਆਂ ਏਸ਼ਿਆਈ ਖੇਡਾਂ***

***ਵਿੱਚ 800 ਮੀਟਰ ਦੌੜ ਵਿੱਚ ਚਾਂਦੀ ਦਾ ਤਗਮਾ ਜਿੱਤ ਕੇ ਸਿਰਜਿਆ ਸੀ । ਆਪਣੀ ਦੋਹਰੀ ਕਾਮਯਾਬੀ ਨਾਲ ਹਰਮਿਲਨ ਨੇ ਨਾ ਸਿਰਫ ਆਪਣੇ ਪਰਿਵਾਰ ਦੀ ਰਵਾਇਤ ਨੂੰ ਅੱਗੇ ਤੋਰਿਆ ਏ ਸਗੋਂ ਆਪਣੀ ਮਾਂ ਤੇ ਪਿਤਾ ਤੋਂ ਵੀ ਅੱਗੇ ਨਿਕਲ ਗਏ ਨੇ । ਉਸ ਦੇ ਪਿਤਾ ਅਮਨਦੀਪ ਸਿੰਘ ਨੂੰ ਵੀ ਦੱਖਣੀ ਏਸ਼ੀਆਈ ਖੇਡਾਂ ਵਿਚ ਸੋਨ ਤਗਮਾ ਜਿੱਤਣ ਦਾ ਮਾਨ ਹਾਸਲ ਏ । ਏਸ਼ੀਆਈ ਖੇਡਾਂ ਵਿਚ ਚਾਂਦੀ ਦੇ ਦੋ ਤਗਮੇ ਜਿੱਤ ਕੇ ਨਵਾਂ ਇਤਿਹਾਸ ਰਚਣ ਵਾਲੀ ਹਰਮਿਲਨ ਦੀ ਨਜ਼ਰ ਹੁਣ ਓਲੰਪਿਕ ਖੇਡਾਂ 'ਤੇ ਏ । ਸ਼ਿਸ਼ੂ ਸ਼ਰਮਾ ਸ਼ਾਂਤਲ,ਆਕਾਸ਼ਵਾਣੀ ਸਮਾਚਾਰ, ਜਲੰਧਰ।***

---

ਇਸ ਦੌਰਾਨ ਚੀਨ ਦੇ ਹਾਂਗਜ਼ੂ ਵਿਖੇ ਚੱਲ ਰਹੀਆਂ 19ਵੀਆਂ ਏਸ਼ਿਆਈ ਖੇਡਾਂ 'ਚ ਭਾਰਤ ਨੇ ਅੱਜ ਹਾਕੀ ਦੇ ਫਾਈਨਲ ਵਿਚ ਜਪਾਨ ਨੂੰ 5-1 ਦੇ ਵੱਡੇ ਫਰਕ ਨਾਲ ਹਰਾ ਕੇ, ਧਮਾਕੇਦਾਰ ਜਿੱਤ ਹਾਸਲ ਕੀਤੀ ਅਤੇ ਸੋਨ ਤਮਗਾ ਜਿਤਿਆ। ਇਨਾਂ ਖੇਡਾਂ ਦੇ ਅੱਜ 13ਵੇਂ ਦਿਨ ਭਾਰਤੀ ਖਿਡਾਰੀਆਂ ਨੇ 9 ਤਮਗੇ ਜਿਤੇ ਨੇ । ਭਾਰਤ ਨੇ ਹੁਣ ਤਕ 22 ਸੋਨੇ , 34 ਚਾਂਦੀ ਅਤੇ 39 ਕਾਂਸੀ ਦੇ ਤਮਗਿਆਂ ਸਮੇਤ ਕੁਲ 95 ਤਮਗੇ

ਹਾਸਲ ਕੀਤੇ ਨੇ। ਤਗਮਾ ਸੂਚੀ ਵਿੱਚ ਭਾਰਤ ਚੌਥੇ ਸਥਾਨ 'ਤੇ ਬਣਿਆ ਹੋਇਆ ਏ।

---------------------------------------------------------

ਏਧਰ ਗੇਂਦਬਾਜ਼ਾਂ ਦੇ ਸ਼ਾਨਦਾਰ ਪ੍ਰਦਰਸ਼ਨ ਤੋਂ ਬਾਅਦ ਤਿਲਕ ਵਰਮਾ ਅਜੇਤੂ 55 ਅਤੇ ਕਪਤਾਨ ਰੁਤੁਰਾਜ ਗਾਇਕਵਾੜ ਅਜੇਤੂ 40 ਦੀ ਸ਼ਾਨਦਾਰ ਪਾਰੀ ਦੀ ਬਦੌਲਤ ਭਾਰਤ ਨੇ ਅੱਜ ਬੰਗਲਾਦੇਸ਼ ਨੂੰ 9 ਵਿਕਟਾਂ ਨਾਲ ਹਰਾ ਕੇ, ਏਸ਼ੀਆਈ ਖੇਡਾਂ ਦੇ ਫਾਈਨਲ ਵਿਚ ਪ੍ਰਵੇਸ਼ ਕਰ ਲਿਆ। ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਬੰਗਲਾਦੇਸ਼ ਨੇ 20 ਓਵਰਾਂ ਵਿਚ 96 ਦੌੜਾਂ ਬਣਾਈਆਂ, ਜਵਾਬ ਵਿਚ ਭਾਰਤ ਨੇ ਸਿਰਫ 9.2 ਓਵਰਾਂ ਵਿਚ ਇਕ ਵਿਕਟ 'ਤੇ 97 ਦੌੜਾਂ ਬਣਾ ਕੇ 9 ਵਿਕਟਾਂ ਨਾਲ ਸ਼ਾਨਦਾਰ ਜਿੱਤ ਦਰਜ ਕੀਤੀ।

---------------------------------------------------------

**<u>ਆਖਿਰ 'ਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ</u>**

- ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਕਿਹਾ ਏ ਕਿ ਹੁਣ ਆਮ ਨਾਗਰਿਕ, ਸਰਕਾਰ ਵਲੋਂ ਜਾਰੀ ਕਿਸੇ ਵੀ ਪਛਾਣ ਪੱਤਰ ਅਤੇ ਪਤੇ ਦੇ ਸਬੂਤ ਨਾਲ, ਡਰੋਨ ਪਾਇਲਟ ਬਣ ਸਕਦੇ ਨੇ।
- ਭਾਰਤੀ ਰਿਜ਼ਰਵ ਬੈਂਕ ਨੇ ਤਿਉਹਾਰ ਤੋਂ ਪਹਿਲਾਂ, ਲੋਕਾਂ ਨੂੰ ਵੱਡਾ ਤੋਹਫਾ ਦੀਦੇਆਂ ਵਿਆਜ ਦਰਾਂ ਵਿੱਚ ਕੋਈ ਬਦਲਾਅ ਨਾ ਕਰਨ ਦਾ ਫੈਸਲਾ ਕੀਤਾ ਏ।
- ਭਾਰਤ ਸਰਕਾਰ ਦੀ "ਮੇਰੀ ਮਾਟੀ - ਮੇਰਾ ਦੇਸ਼" ਮੁਹਿੰਮ ਤਹਿਤ, ਵੱਖ-ਵੱਖ ਜ਼ਿਲਿਆਂ ਵਿਚ ਸਮਾਗਮਾਂ ਦਾ ਆਯੋਜਨ।
- ਏਸ਼ਿਆਈ ਖੇਡਾਂ ਵਿੱਚ ਭਾਰਤ ਨੇ ਅੱਜ ਹਾਕੀ ਦੇ ਫਾਈਨਲ ਵਿਚ ਜਪਾਨ ਨੂੰ 5-1 ਦੇ ਵੱਡੇ ਫਰਕ ਨਾਲ ਹਰਾ ਕੇ, ਸੋਨ ਤਮਗਾ ਜਿਤਿਆ।

**<u>ਇਸਦੇ ਨਾਲ ਹੀ ਪ੍ਰਦੇਸ਼ਕ ਖ਼ਬਰਾਂ ਖਤਮ ਹੋਇਆ, ਨਮਸਕਾਰ !</u>**